ਪੰਜਾਬੀ ਟ੍ਰਿਬਿਊਨ 9th Feb, 2001



# ਉਦੇਸ਼ਾਂ ਨੂੰ ਸਮਰਪਿਤ ਇਕ ਯਾਦਗਾਰੀ ਨਾਟਕ ਮੇਲਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

25-26 ਜਨਵਰੀ 2001, ਦੀ ਦਰਮਿਆਨੀ ਰਾਤ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਾਰੀ ਰਾਤ ਦਾ ਗੀਤ-ਸੰਗੀਤ ਅਤੇ ਨਾਟਕਾਂ ਦਾ ਮੇਲਾ ਇਕ ਯਾਦਗਾਰੀ ਮੇਲਾ ਸੀ। ਇਨਕਲਾਬੀ ਉਦੇਸ਼ ਨੂੰ ਸਮਰਪਤਿ ਇਹ ਨਾਟਕ ਮੇਲਾ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਪੰਜਾਬ ਭਰ ਤੋਂ ਇਨਕਲਾਬੀ ਕਲਾ ਨਾਲ ਜੁੜੇ ਲੋਕਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ।

ਦੇਸ਼ ਭਗਤਾਂ ਦੇ ਇਨਕਲਾਬੀ ਵਿਰਸੇ ਨੂੰ ਅੱਗੇ ਲਿਜਾਂਦੇ ਹੋਏ ਅਤੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈਂਦੇ ਹੋਏ ਪਲਸ ਮੰਚ ਬੀਤੇ 18 ਵਰ੍ਹਿਆਂ ਤੋਂ ਇਨਕਲਾਬੀ ਸਾਹਿਤ, ਸਭਿਆਚਾਰ ਦੇ ਪਸਾਰੇ, ਫੈਲਾਰੇ ਲਈ ਪੰਜਾਬ ਭਰ 'ਚ ਪੂਰੀ ਤਨਦੇਹੀ ਨਾਲ ਸਰਗਰਮੀ ਕਰਦਾ ਆ ਰਿਹਾ ਹੈ। ਪਲਸ ਮੰਚ ਨਾਲ ਜੁੜੀਆਂ ਨਾਟਕ ਤੇ ਗੀਤ ਸੰਗੀਤ ਮੰਡਲੀਆਂ ਪੰਜਾਬ ਭਰ 'ਚ ਹਰ ਰੋਜ਼ ਹੀ ਕਿਸੇ ਨਾ ਕਿਸੇ ਥਾਂ ਤੇ ਕਿਰਤੀ ਲੋਕਾਂ ਨੂੰ ਜਮਾਤ ਜਾਗਰਿਤੀ ਦਾ ਚਾਨਣ ਵੰਡ ਰਹੀਆਂ ਹੁੰਦੀਆਂ ਹਨ। ਪਲਸ ਮੰਚ ਨੇ ਫਿਰਕੂ ਅੱਤਵਾਦ ਦੇ ਕਾਲੇ ਦੌਰ 'ਚ ਵੀ ਸਭਿਆਚਾਰਕ ਚੇਤਨਾ ਦਾ ਝੰਡਾ ਬੁਲੰਦ ਰੱਖਿਆ। ਪਿਛਾਖੜੀ, ਰੂੜ੍ਹੀਵਾਦੀ, ਵੇਲਾ ਵਿਹਾਅ ਚੁੱਕੀਆਂ ਕਦਰਾਂ ਕੀਮਤਾਂ ਦੇ ਮੁਕਾਬਲੇ 'ਚ ਅਗਾਂਹਵਧੂ ਸਮਾਜਵਾਦੀ ਕਦਰਾਂ ਕੀਮਤਾਂ ਨੂੰ ਅਪਣਾਉਂਦਿਆਂ ਹੋਇਆਂ ਸਮਾਜਿਕ ਮਾਨਸਿਕਤਾ ਨੂੰ ਬਦਲਣ ਲਈ ਆਪਣਾ ਯੋਗਦਾਨ ਪਾਇਆ। 25-26 ਜਨਵਰੀ ਸਾਰੀ ਰਾਤ ਦਾ ਗੀਤ-ਸੰਗੀਤ ਨਾਟਕ ਮੇਲਾ ਵੀ ਇਸ ਆਸ਼ੇ ਦੀ ਪੂਰਤੀ ਲਈ ਵਿਉਂਤਿਆ ਗਿਆ। ਸਾਹਿਤਕਾਰ ਜਸਵੰਤ ਸਿੰਘ ਵਿਰਦੀ ਦਾ ਉਹਦੀ ਲੋਕਾਂ ਵੱਲ ਪ੍ਰਤੀਬੱਧਤਾ ਕਲਮ ਦਾ ਸਨਮਾਨ ਕੀਤਾ ਗਿਆ। ਗੀਤਾਂ ਅਤੇ ਨਾਟਕਾਂ ਦੇ ਇਲਾਵਾ ਕਾਮਰੇਡ ਚੈਨ ਸਿੰਘ ਚੈਨ, ਅਮੋਲਕ ਸਿੰਘ, ਮਾਸਟਰ ਤਰਲੋਚਨ ਸਿੰਘ, ਕੰਵਲਜੀਤ ਖੰਨਾ, ਕੁਲਵੰਤ ਸਿੰਘ ਸੰਧੂ ਵਲੋਂ ਕਲਾ ਦੀ ਲੋਕ ਸੰਘਰਸ਼ਾਂ ਵਿਚ ਭੂਮਿਕਾ ਬਾਰੇ ਪੂਰੀ ਤਰ੍ਹਾਂ ਵਿਆਖਿਆ ਪੇਸ਼ ਕੀਤੀ ਗਈ। ਇਹ ਵਿਆਖਿਆ ਅੱਜ ਬਹੁਤ ਜ਼ਰੂਰੀ ਹੋ ਗਈ ਹੈ ਕਿਉਂਕਿ ਅਵਾਮੀ ਸਟੇਜਾਂ ਸਿਰਫ ਮਨੋਰੰਜਨ ਲਈ ਨਹੀਂ ਹਨ ਸਗੋਂ ਲੋਕਾਂ ਨੂੰ ਸਮਾਜ ਬਦਲਣ ਦਾ ਸੁਨੇਹਾ ਹੁੰਦੀਆਂ ਹਨ। ਆਮ ਧਾਰਨਾ ਦੇ ਉਲਟ ਇਹ ਵੇਖਿਆ ਗਿਆ ਕਿ ਦਰਸ਼ਕਾਂ ਅਤੇ ਸਰੋਤਿਆਂ ਨੇ ਇਨ੍ਹਾਂ ਬੁਲਾਰਿਆਂ ਨੂੰ ਪੂਰੇ ਧਿਆਨ ਨਾਲ ਸੁਣਿਆ, ਕਿਉਂਕਿ ਇਹਦੇ ਲਈ ਜ਼ਮੀਨ ਕਲਾਕਿਰਤਾਂ ਰਾਹੀਂ ਪੂਰੀ ਤਰ੍ਹਾਂ ਤਿਆਰ ਕੀਤੀ ਗਈ ਸੀ।

ਇਸ ਸਮਾਗਮ 'ਤੇ ਗੀਤ-ਸੰਗੀਤ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਲੋਕ ਸੰਗੀਤ ਮੰਡਲੀ ਭਦੌੜ ਦੀ ਸੀ। ਇਹ ਮੰਡਲੀ ਪਿਛਲੇ 20 ਸਾਲਾਂ ਤੋਂ ਪਲਸ ਮੰਚ ਨਾਲ ਜੁੜੀ ਮੁੱਖ ਮੰਡਲੀ ਹੈ। ਮਾਸਟਰ ਰਾਮ ਕੁਮਾਰ ਦੀ ਅਗਵਾਈ ਵਿਚ ਇਸ ਮੰਡਲੀ ਨੇ ਬੜੀਆਂ ਹੀ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ। ਪਲਸ ਮੰਚ ਦੀਆਂ ਕੈਸਿਟਾਂ ਵੀ ਇਸ ਮੰਡਲੀ ਦੀ ਹੀ ਦੇਣ ਹਨ। ਇਸ ਸਮਾਗਮ 'ਤੇ ਭਦੌੜ ਵਾਲਿਆਂ ਨੇ ਆਪਣੀ ਹਾਜ਼ਰੀ ਪੂਰੇ ਜਲੌਅ ਨਾਲ ਲਗਵਾਈ। ਗੁਰਚਰਨ ਗੋਪੀ ਦੀ ਸ਼ਕਤੀਸ਼ਾਲੀ ਆਵਾਜ਼ ਸਾਰੇ ਹਾਲ ਵਿਚ ਗੂੰਜੀ। ਸੱਤ ਗੀਤਾਂ ਨੇ ਜਿਥੇ ਨਾਟਕ ਸਮਾਗਮ ਨੂੰ ਵੰਨਗੀ ਵਲੋਂ ਅਮੀਰ ਕੀਤਾ, ਉਥੇ ਦਰਸ਼ਕਾਂ ਨੂੰ ਇਨਕਲਾਬੀ ਗਾਇਕੀ ਦੇ ਰੂਬਰੂ ਕੀਤਾ ਅਤੇ ਭਰਪੂਰ ਪ੍ਰਸੰਸਾ ਲਈ।

ਇਸ ਸਮਾਗਮ ਦਾ ਪਹਿਲਾ ਨਾਟਕ ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਜੀਵਨ ਦੀ ਕਵਿਤਾ' 'ਤੇ ਅਧਾਰਤ 'ਕਵਿਤਾ ਦਾ ਕਤਲ' ਸੀ। ਇਹ ਨਾਟਕ ਭਰੂਣ ਹੱਤਿਆ ਦੇ ਵਿਸ਼ੇ ਨੂੰ ਇਕ ਬੜੇ ਹੀ ਸੰਵੇਦਨਸ਼ੀਲ ਤਰੀਕੇ ਨਾਲ ਆਪਣੀ ਲਪੇਟ ਵਿਚ ਲੈਂਦਾ ਹੈ। ਇਹ ਦੋ ਪਾਤਰੀ ਨਾਟਕ ਪਤੀ ਤੇ ਪਤਨੀ ਦੀ ਵੱਖ ਵੱਖ ਸੋਚ ਨੂੰ ਆਧਾਰ ਬਣਾਉਂਦਾ ਹੈ। ਪਤੀ ਇਕ ਸ਼ਿਕਾਰੀ ਹੈ। ਪਤਨੀ ਇਕ ਕਵਿਤਰੀ ਹੈ। ਉਨ੍ਹਾਂ ਦਾ ਆਪਸ ਵਿਚ ਪਿਆਰ ਜ਼ਰੂਰ ਹੈ ਪਰ ਜ਼ਿੰਦਗੀ ਵੱਲ ਨਜ਼ਰੀਆ ਵੱਖ ਵੱਖ ਹੈ। ਇਸ ਦਿਲ ਨੂੰ ਟੁੰਬਣ ਵਾਲੀ ਕਹਾਣੀ ਵਿਚ ਔਰਤ ਦੀ ਪੀੜ ਨੂੰ ਪੇਸ਼ ਕੀਤਾ ਗਿਆ ਹੈ ਜਿਸ ਦੀ ਕੁੱਖ ਇਸ ਕਰਕੇ ਸੱਖਣੀ ਕਰ ਦਿੱਤੀ ਗਈ ਕਿਉਂਕਿ ਆਉਣ ਵਾਲਾ ਬੱਚਾ ਇਕ ਬੱਚੀ ਸੀ। ਨਾਟਕ ਦਾ ਸੁਨੇਹਾ ਸਪਸ਼ਟ ਸੀ। ਕੁੱਖ ਵਿਚ ਬੱਚੀ ਨੂੰ ਮਾਰਨਾ ਮੁੰਡੇ ਜਾਂ ਕੁੜੀ ਦਾ ਸਵਾਲ ਨਹੀਂ, ਇਹ ਮਨੁੱਖਤਾ ਦਾ ਕਤਲ ਹੈ (ਨਾਟਕ ਦਾ ਨਾਂ ਵੀ ਕਵਿਤਾ ਦਾ ਕਤਲ ਹੈ)। ਕੁੜੀਆਂ ਜੇਕਰ ਮਾਪਿਆਂ ਲਈ ਬੋਝ ਸਾਬਤ ਹੋ ਰਹੀਆਂ ਹਨ ਤਾਂ ਇਹ ਸਮਾਜਿਕ ਕਦਰਾਂ ਕੀਮਤਾਂ ਦਾ ਸਵਾਲ ਹੈ। ਇਸ ਸਵਾਲ ਦਾ ਹੱਲ ਲਭੀਏ। ਅਸੀਂ ਸਮਾਜ ਨੂੰ ਬਦਲਣ ਦਾ ਉਪਰਾਲਾ ਕਰੀਏ ਨਾ ਕਿ ਕਾਤਿਲ ਬਣੀਏ।

ਦੂਜਾ ਨਾਟਕ 'ਨਵੀਂ ਰੌਸ਼ਨੀ' ਕੰਨਿਆਂ ਮਹਾਂ ਵਿਦਿਆਲਾ ਜਲੰਧਰ ਦੀਆਂ ਵਿਦਿਆਰਥਣਾਂ ਵਲੋਂ ਪੇਸ਼ ਕੀਤਾ ਗਿਆ। ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨਾਲ ਜੋ ਬੇਇਨਸਾਫੀ ਹੁੰਦੀ ਹੈ, ਉਹਨੂੰ ਨੁੱਕਰ ਨਾਟਕ ਦੀ ਸ਼ੈਲੀ ਵਿਚ ਪੂਰੀ ਤਰ੍ਹਾਂ ਸਫਲਤਾ ਨਾਲ ਖੇਡਿਆ ਗਿਆ।

ਦਰਸ਼ਕਾਂ ਨੇ ਇਸ ਦੇ ਪ੍ਰਭਾਵ ਨੂੰ ਕਬੂਲਿਆ। ਪਰ ਇਕ ਗੱਲ ਕਹਿਣੀ ਬਣਦੀ ਹੈ ਕਿ ਨਾਟਕ ਵਿਚ ਇਸ ਬੇਇਨਸਾਫੀ ਦੇ ਕਾਰਨਾਂ ਤੇ ਜਿਥੇ ਉਂਗਲੀ ਰਖੀ ਗਈ ਹੈ, ਉਹਦੇ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ। ਅਨਪੜ੍ਹਤਾ ਸਿਰਫ ਇਕੋ ਕਾਰਨ ਨਹੀਂ ਸਗੋਂ ਸਮਾਜ ਦੀ ਪੂਰੀ ਬਣਤਰ ਇਸ ਦੀ ਜ਼ਿੰਮੇਵਾਰ ਹੈ। ਔਰਤ ਦੀ ਮੁਕਤੀ ਸਮੁੱਚੇ ਸਮਾਜ ਦੀ ਮੁਕਤੀ ਨਾਲ ਜੁੜੀ ਹੋਈ ਹੈ। ਯੂਨੀਵਰਸਿਟੀ ਅਤੇ ਕਾਲਜਾਂ ਦੇ ਯੁਵਕ ਮੇਲਿਆਂ 'ਤੇ ਪੇਸ਼ ਕੀਤੇ ਨਾਟਕਾਂ ਦੀ ਵਿਸ਼ੇਸ਼ਤਾ ਬਣਦੀ ਜਾ ਰਹੀ ਹੈ ਕਿ ਜਿਥੇ ਉਹ ਪੇਸ਼ਕਾਰੀ ਦੇ ਲਿਹਾਜ਼ ਨਾਲ ਵਧੀਆ ਹੁੰਦੇ ਹਨ, ਉਥੇ ਸੁਨੇਹਾ ਬੜਾ ਧੁੰਦਲਾ ਜਿਹਾ ਰਹਿ ਜਾਂਦਾ ਹੈ। ਨਵੀਂ ਰੌਸ਼ਨੀ ਨਾਟਕ ਵੀ ਇਸ ਸੀਮਾ ਦਾ ਸ਼ਿਕਾਰ ਕਿਹਾ ਜਾ ਸਕਦਾ ਹੈ।

ਤੀਸਰਾ ਨਾਟਕ ਨਵਚਿੰਤਨ ਕਲਾ ਮੰਚ ਬਿਆਸ ਵਲੋਂ ਪੇਸ਼ ਕੀਤਾ ਹਿੰਦੀ ਨਾਟਕ 'ਕੜਵਾ ਸੱਚ' ਸੀ। ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਨਾਟਕ ਇਸ ਨਾਟਕ ਮੇਲੇ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਨਾਟਕ ਸੀ। ਪੇਸ਼ਕਾਰੀ ਅਤੇ ਅਦਾਕਾਰਾਂ ਦੀ ਅਦਾਕਾਰੀ ਉਚੇ ਦਰਜੇ ਦੀ ਸੀ। ਜਗੀਰੂ ਸਮਾਜ ਦੀਆਂ ਗਲਤ ਕਦਰਾਂ ਕੀਮਤਾਂ ਉਤੇ ਇਕ ਕਰਾਰੀ ਸੱਟ ਸੀ। ਵੱਡੇ ਜਗੀਰਦਾਰ ਔਰਤ ਦਾ ਸ਼ੋਸ਼ਣ ਕਰਦੇ ਹਨ। ਰਖੇਲਾਂ ਰਖਦੇ ਹਨ। ਇਹ ਨਾਟਕ ਵੀ ਯੂਨੀਵਰਸਿਟੀ ਯੁਵਕ ਮੇਲਿਆਂ ਦੀ ਦੇਣ ਹੈ। (ਇਸ ਦੀ ਚੋਣ ਇਸੇ ਲਈ ਕੀਤੀ ਗਈ ਸੀ) ਤੇ ਸ਼ਾਇਦ ਇਹੀ ਕਾਰਨ ਹੈ ਕਿ ਇਨਕਲਾਬੀ ਕਲਾ ਦੇ ਮਾਪਦੰਡ 'ਤੇ ਇਸ ਦਾ ਮੁਲਾਂਕਣ ਕਰਦਿਆਂ ਇਸ ਦੀਆਂ ਊਣਤਾਈਆਂ ਉਭਰਦੀਆਂ ਹਨ। ਸੁਨੇਹਾ ਧੁੰਦਲਾ ਰਹਿ ਜਾਂਦਾ ਹੈ। ਨਾਟਕ ਦੀ ਜ਼ਬਾਨ ਬਿਹਾਰੀ ਹਿੰਦੀ ਸੀ। ਕਈ ਥਾਂ ਵਾਰਤਾਲਾਪ ਸਮਝ ਨਹੀਂ ਆਏ। ਇਹ ਸੱਚ ਹੈ ਕਿ ਕਲਾ ਦੀਆਂ ਬਰੀਕੀਆਂ ਦਾ ਖਿਆਲ ਰਖਣਾ ਜ਼ਰੂਰੀ ਹੈ ਅਤੇ ਜੇ ਤੁਹਾਡੇ ਕੋਲ ਪ੍ਰਤਿਭਾ ਹੈ, ਤਾਂ ਇਹ ਖਿਆਲ ਸੋਨੇ 'ਤੇ ਸੁਹਾਗਾ ਹੋ ਜਾਂਦਾ ਹੈ ਪਰ ਖਾਹਮਖਾਹ ਆਪ ਵੀ ਤੇ ਦਰਸ਼ਕਾਂ ਨੂੰ ਭੰਬਲਭੂਸਿਆਂ ਵਿਚ ਪਾਉਣਾ ਠੀਕ ਨਹੀਂ। ਲੋਕਾਂ ਨੂੰ ਸੁਨੇਹਾ ਸਪਸ਼ਟ ਮਿਲਣਾ ਚਾਹੀਦਾ ਹੈ। ਲੋਕ ਕਲਾ ਵਿਚ ਉੱਚੀ ਸੁਰ ਹੋਣਾ ਕੋਈ ਐਬ ਨਹੀਂ। ਇਸ ਧਾਰਣਾ ਬਾਰੇ ਡੂੰਘੀ ਬਹਿਸ ਹੋਣੀ ਜ਼ਰੂਰੀ ਹੈ।

ਸਿਰਜਣਾ ਆਰਟ ਸੈਂਟਰ ਰਾਏਕੋਟ ਵਲੋਂ ਇਸ ਸਮਾਗਮ ਵਿਚ ਦੋ ਕੋਰੀਓਗਰਾਫੀਆਂ ਪੇਸ਼ ਕੀਤੀਆ ਗਈਆਂ। ਇਸ ਆਰਟ ਸੈਂਟਰ ਦੀ ਇਹ ਵਿਸ਼ੇਸ਼ਤਾ ਹੈ ਕਿ ਸੋਮ ਹੀਰਾ ਦੀ ਨਿਰਦੇਸ਼ਨਾ ਹੇਠ ਇਸ ਨੇ ਕੋਰੀਓਗਰਾਫੀ ਦੀ ਕਲਾ ਨੂੰ ਕੁਝ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ। ਸਟੇਜ ਦੀ ਡੀਜ਼ਾਇਨਿੰਗ ਵੱਲ ਉਚੇਚਾ ਧਿਆਨ ਦਿੱਤਾ ਹੈ। 'ਸ਼ਹੀਦ' ਕੋਰੀਓਗਰਾਫੀ ਵਿਚ ਉਹ ਦ੍ਰਿਸ਼ ਹੈ ਜਦੋਂ ਕਾਰਗਿਲ ਦੇ ਸ਼ਹੀਦ ਫੌਜੀ ਦੀ ਮ੍ਰਿਤਕ ਦੇਹ ਉਹਦੇ ਪਿੰਡ ਲਿਜਾਈ ਜਾਂਦੀ ਹੈ। ਲਤਾ ਦੇ ਗੀਤ 'ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ' ਅਤੇ ਹੋਰ ਦੇਸ਼ ਭਗਤੀ ਦੇ ਗੀਤ ਇਸ ਕੋਰੀਓਗਰਾਫੀ ਵਿਚ ਸ਼ਾਮਲ ਹਨ। ਇਹ ਤੁਹਾਨੂੰ ਟੁੰਬਦੇ ਹਨ। ਤੁਹਾਡੀਆਂ ਅੱਖਾਂ ਵਿਚ ਪਾਣੀ ਲਿਆਉਂਦੇ ਹਨ ਪਰ ਇਸ ਕੋਰੀਓਗਰਾਫੀ ਵਿਚ ਵੀ ਇਹ ਥੁੜ ਰਹਿ ਜਾਂਦੀ ਹੈ ਕਿ ਇਸ ਦਾ ਜੰਗ ਵਿਰੋਧੀ ਸੁਨੇਹਾ ਉਭਰ ਕੇ ਨਹੀਂ ਆਉਂਦਾ। ਇਹ ਨਹੱਕੀ ਜੰਗਾਂ ਲੜੀਆਂ ਕਿਉਂ ਜਾਂਦੀਆਂ ਹਨ? ਮਾਂਵਾਂ ਦੇ ਪੁੱਤਰ ਕਿਉਂ ਜਾਨਾਂ 'ਤੇ ਖੇਡਦੇ ਹਨ? ਜਿਥੇ ਗੀਤ ਰਿਕਾਰਡ ਕੀਤੇ ਗਏ ਹਨ ਉਥੇ ਥੋੜ੍ਹੀਆਂ ਟਿੱਪਣੀਆਂ ਵੀ ਸ਼ਾਮਲ ਕੀਤੀਆਂ ਜਾਣ ਤਾਂ ਇਹ ਪੇਸ਼ਕਾਰੀ ਇਕ ਨਾ ਭੁੱਲਣ ਵਾਲੀ ਪੇਸ਼ਕਾਰੀ ਦਾ ਦਰਜਾ ਹਾਸਲ ਕਰ ਲਵੇਗੀ।

ਇਸ ਮੇਲੇ ਦੀ ਇਕ ਹੋਰ ਜ਼ਿਕਰਯੋਗ ਪੇਸ਼ਕਾਰੀ ਅਨੀਤਾ ਸ਼ਬਦੀਸ਼ ਦੀ ਗੁਰਮਿੰਦਰ ਸਿੱਧੂ ਦੀ ਕਵਿਤਾ ਤੇ ਆਧਾਰਤ ਇਕ ਪਾਤਰੀ ਕਾਵਿਨਾਟ 'ਚਿੜੀ ਦੀ ਅੰਬਰ ਵਲ ਉਡਾਨ' ਸੀ। ਇਕ ਪਾਤਰੀ ਕਾਵਿਨਾਟ ਅਨੀਤਾ ਨੇ ਜਿਨ੍ਹਾਂ ਹਾਵਭਾਵਾਂ ਨਾਲ ਪੇਸ਼ ਕੀਤਾ, ਉਹ ਇਸ ਨੂੰ 'ਸਮਾਗਮ ਦਾ ਸ਼ਿੰਗਾਰ' ਕਹਿਲਾਉਣ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਹੈ।

ਮੇਲੇ ਦੀ ਇਕ ਬੜੀ ਹੀ ਸਾਦਾ ਪੇਸ਼ਕਾਰੀ ਜਸਵੀਰ ਰਾਣਾ ਦੀ ਕਹਾਣੀ 'ਵਿਕਲਪ' ਦਾ ਚੰਡੀਗੜ੍ਹ ਦੇ ਕਲਾਕਾਰ ਬਸ਼ੀਰ ਅਲੀ ਵਲੋਂ ਨਾਟਕੀ ਪਾਠ ਸੀ। ਸਾਹਿਤ ਵਿਚ ਸ਼ਾਹਕਾਰ ਕਿਰਤਾਂ ਸਾਡੇ ਕੋਲ ਹਨ। ਉਨ੍ਹਾਂ ਨੂੰ ਨਾਟਕਾਂ ਰਾਹੀਂ ਵਿਸ਼ਾਲ ਲੋਕਾਂ ਤਕ ਪੁਚਾਣ ਦਾ ਇਕ ਸਾਧਨ ਉਨ੍ਹਾਂ ਨੂੰ ਨਾਟਕੀ ਰੂਪ ਵਿਚ ਪੇਸ਼ ਕਰਨਾ ਹੈ। ਆਉਣ ਵਾਲੇ ਸਮੇਂ 'ਚ ਇਸ ਕਹਾਣੀ ਦੀ ਪੇਸ਼ਕਾਰੀ ਅਵਾਮੀ ਸਟੇਜਾਂ ਦਾ ਸ਼ਿੰਗਾਰ ਇਸ ਲਈ ਵੀ ਹੋਵੇਗੀ ਕਿਉਂਕਿ ਇਹ ਸਾਡੇ ਅਜੋਕੇ ਸੰਘਰਸ਼ ਨਾਲ ਜੁੜੀ ਹੋਈ ਹੈ। ਬਸ਼ੀਰ ਅਲੀ ਇਸ ਪੇਸ਼ਕਾਰੀ ਲਈ ਵਧਾਈ ਦਾ ਪਾਤਰ ਹੈ।

ਮੇਲੇ ਵਿਚ ਕਲਾ ਸੰਗਮ ਫਗਵਾੜਾ ਦੀ ਪੇਸ਼ਕਾਰੀ ਪਾਲੀ ਭੁਪਿੰਦਰ ਦਾ ਨਾਟਕ 'ਲੋਕ ਨਾਟਕ' ਸੀ । ਸਵੇਰੇ 4 ਵਜੇ ਦੇ ਕਰੀਬ ਜਦੋਂ ਫਗਵਾੜਾ ਦੇ ਕਲਾਕਾਰਾਂ ਨੇ ਇਸ ਨਾਟਕ ਨੂੰ ਪੇਸ਼ ਕੀਤਾ ਤਾਂ ਦਰਸ਼ਕਾਂ ਵਿਚ ਇਕ ਨਵੀਂ ਰੂਹ ਫੂਕੀ ਗਈ। ਸਥਾਪਤੀ ਅਤੇ ਵਚਨਬੱਧ ਕਲਾਕਾਰਾਂ ਦੀਆਂ ਵਿਰੋਧਤਾਈਆਂ ਬੜੇ ਸੂਖਮ ਪਰ ਨਾਲ ਹੀ ਪੂਰੇ ਵਿਅੰਗ ਨਾਲ ਪੇਸ਼ ਕੀਤੀਆਂ ਗਈਆਂ।

ਮੁਹਾਲੀ ਕਾਲਜ ਦੇ ਵਿਦਿਆਰਥੀਆਂ ਨੇ ਨਾਟਕ 'ਮਿੱਟੀ ਦਾ ਮੁੱਲ' ਵੀ ਪੂਰੀ ਸਫਲਤਾ ਨਾਲ ਖੇਡਿਆ। ਇਨ੍ਹਾਂ ਵਿਦਿਆਰਥੀਆਂ ਦੀ ਇਹ ਪਲੇਠੀ ਪੇਸ਼ਕਾਰੀ ਸੀ। ਪਲਸ ਮੰਚ ਦਾਨ ਨਵੀਆਂ ਜੁੜਣ ਵਾਲੀਆਂ ਟੀਮਾਂ ਵਿਚੋਂ ਇਸ ਟੀਮ ਵਲੋਂ ਵਧੀਆ ਪੇਸ਼ਕਾਰੀਆਂ ਦੀ ਉਮੀਦ ਰੱਖੀ ਸਾ ਸਕਦੀ ਹੈ।

'ਰਾਜ ਮਹਾਰਾਜ ਰਣਜੀਤ ਸਿੰਘ ਦਾ ਉਰਫ ਇਨਾਮ' ਨਾਟਕ ਵੀ ਅਖੀਰ ਵਿਚ ਪੇਸ਼ ਕੀਤਾ ਗਿਆ। ਇਹਦੇ ਬਾਰੇ ਅੱਗੇ ਵੀ ਲਿਖਿਆ ਜਾ ਚੁੱਕਿਆ ਹੈ। ਇਸ ਰਾਤ ਕਾਲਕਾਰਾਂ ਨੇ ਇਸ ਨੂੰ ਪੂਰੀ ਸ਼ਕਤੀ ਨਾਲ ਖੇਡਿਆ।

21 ਫਰਵਰੀ ਪਲਸ ਮੰਚ ਦਾ ਨੌਵਾਂ ਸੂਬਾਈ ਇਜਲਾਸ ਲੁਧਿਆਣਾ ਵਿਖੇ ਪੰਜਾਬੀ ਭਵਨ ਵਿਚ ਦਿਨੇ 10 ਵਜੇ ਤੋਂ ਹੋ ਰਿਹਾ ਹੈ। 25-26 ਜਨਵਰੀ ਦਾ ਇਹ ਨਾਟਕ ਸਮਾਗਮ ਇਨਕਲਾਬੀ ਕਲਾ ਲਈ ਦਿਸ਼ਾ ਮਿਥਣ ਵਿਚ ਸਹਾਈ ਹੋਵੇਗਾ। ਚੰਗੀਆਂ ਕਲਾ ਕਿਰਤਾਂ ਘੱਟ ਤੋਂ ਘੱਟ ਖਰਚੇ ਨਾਲ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਣੀਆਂ ਇਹ ਲੋਕ ਕਲਾ ਦੀ ਲੋੜ ਹੈ।